ਮਿੱਠੇ ਬੱਚੇ:- "ਮਿੱਠੇ ਬੱਚੇ ਆਤਮਾ ਦੇ ਵਿਕਾਰਾਂ ਦਾ ਕਿਚੜਾ ਕੱਢ ਸ਼ੁੱਧ ਫੁੱਲ ਬਣੋ। ਬਾਪ ਦੀ ਯਾਦ ਨਾਲ ਹੀ ਸਾਰਾ ਕਿਚੜਾ ਨਿਕਲੇਗਾ"

ਪ੍ਰਸ਼ਨ:- ਪਵਿੱਤਰ ਬਣਨ ਵਾਲੇ ਬੱਚਿਆਂ ਨੂੰ ਕਿਹੜੀ ਇੱਕ ਗੱਲ ਵਿੱਚ ਬਾਪ ਨੂੰ ਫਾਲੋ ਕਰਨਾ ਹੈ?

ਉੱਤਰ:- ਜਿਵੇਂ ਬਾਪ ਪਰਮ - ਪਵਿੱਤਰ ਹੈ ਉਹ ਕਦੀ ਅਪਵਿੱਤਰ ਕਿਚੜੇ ਵਾਲਿਆਂ ਦੇ ਨਾਲ ਮਿਕਸਅਪ ਨਹੀਂ ਹੁੰਦਾ, ਬਹੁਤ - ਬਹੁਤ ਸੇਕਰੇਡ (ਪਵਿੱਤਰ) ਹੈ। ਇਵੇਂ ਤੁਸੀਂ ਪਵਿੱਤਰ ਬਣਨ ਵਾਲੇ ਬੱਚੇ ਬਾਪ ਨੂੰ ਫਾਲੋ ਕਰੋ, ਸੀ ਨੋ ਇਵਿਲ।

ਓਮ ਸ਼ਾਂਤੀ। ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਹੈ ਤਾਂ ਦੋਨੋਂ ਬਾਪ। ਇੱਕ ਨੂੰ ਰੂਹਾਨੀ, ਦੂਜੇ ਨੂੰ ਜਿਸਮਾਨੀ ਬਾਪ ਕਹਾਂਗੇ। ਸ਼ਰੀਰ ਤਾਂ ਦੋਨਾਂ ਦਾ ਇੱਕ ਹੀ ਹੈ ਤਾਂ ਜਿਵੇਂ ਕਿ ਦੋਨੋਂ ਬਾਪ ਸਮਝਾਉਂਦੇ ਹਨ। ਭਾਵੇਂ ਇੱਕ ਸਮਝਾਉਂਦੇ ਹਨ, ਦੂਜਾ ਸਮਝਦੇ ਹਨ ਫੇਰ ਵੀ ਕਹਿਣਗੇ ਦੋਨੋਂ ਸਮਝਾਉਂਦੇ ਹਨ। ਇਹ ਜੋ ਇੰਨੀ ਛੋਟੀ ਜਿਹੀ ਆਤਮਾ ਹੈ ਉਸ ਉਤੇ ਕਿੰਨੀ ਮੈਲ ਚੜੀ ਹੋਈ ਹੈ। ਮੈਲ ਚੜਨ ਨਾਲ ਕਿੰਨਾ ਘਾਟਾ ਪੈ ਜਾਂਦਾ ਹੈ। ਇਹ ਫ਼ਾਇਦਾ ਅਤੇ ਘਾਟਾ ਉਦੋਂ ਵੇਖਣ ਵਿੱਚ ਆਉਂਦਾ ਹੈ ਜਦਕਿ ਸ਼ਰੀਰ ਦੇ ਨਾਲ ਹਾਂ। ਤੁਸੀਂ ਜਾਣਦੇ ਹੋ ਮੈਂ ਆਤਮਾ ਜਦੋਂ ਪਵਿੱਤਰ ਬਣਾਂਗੀ ਉਦੋਂ ਇਨ੍ਹਾਂ ਲਕਸ਼ਮੀ - ਨਾਰਾਇਣ ਵਰਗਾ ਪਵਿੱਤਰ ਸ਼ਰੀਰ ਮਿਲੇਗਾ। ਹਾਲੇ ਆਤਮਾ ਵਿੱਚ ਕਿੰਨਾ ਮੈਲ ਚੜਿਆ ਹੋਇਆ ਹੈ। ਜਦੋਂ ਮਧੂ (ਸ਼ਹਿਦ) ਕੱਢਦੇ ਹਾਂ ਤਾਂ ਉਸਨੂੰ ਛਾਨਦੇ ਹਾਂ। ਤਾਂ ਕਿੰਨੀ ਮੈਲ ਨਿਕਲਦੀ ਹੈ ਫੇਰ ਮਧੂ ਸ਼ੁੱਧ ਵੱਖ ਹੋ ਜਾਂਦੀ ਹੈ। ਆਤਮਾ ਵੀ ਬਹੁਤ ਮੈਲੀ ਹੋ ਜਾਂਦੀ ਹੈ। ਆਤਮਾ ਹੀ ਕੰਚਨ ਸੀ, ਬਿਲਕੁਲ ਪਵਿੱਤਰ ਸੀ। ਸ਼ਰੀਰ ਕਿਵੇਂ ਸੁੰਦਰ ਸੀ। ਇਨ੍ਹਾਂ ਲਕਸ਼ਮੀ - ਨਾਰਾਇਣ ਦਾ ਸ਼ਰੀਰ ਵੇਖੋ ਕਿੰਨਾ ਸੁੰਦਰ ਹੈ। ਮਨੁੱਖ ਤਾਂ ਸ਼ਰੀਰ ਨੂੰ ਹੀ ਪੂਜਦੇ ਹਨ ਨਾ। ਆਤਮਾ ਦੇ ਵੱਲ ਨਹੀਂ ਵੇਖਦੇ। ਆਤਮਾ ਦੀ ਤਾਂ ਪਛਾਣ ਵੀ ਨਹੀਂ ਹੈ। ਪਹਿਲਾਂ ਆਤਮਾ ਸੁੰਦਰ ਸੀ, ਚੋਲਾ ਵੀ ਸੁੰਦਰ ਮਿਲਦਾ ਹੈ। ਤੁਸੀਂ ਵੀ ਹੁਣ ਇਹ ਬਣਨਾ ਚਾਹੁੰਦੇ ਹੋ। ਤਾਂ ਆਤਮਾ ਕਿੰਨੀ ਸ਼ੁੱਧ ਹੋਣੀ ਚਾਹੀਦੀ ਹੈ। ਆਤਮਾ ਨੂੰ ਹੀ ਤਮੋਪ੍ਰਧਾਨ ਕਿਹਾ ਜਾਂਦਾ ਹੈ ਕਿਉਂਕਿ ਉਸ ਵਿੱਚ ਪੂਰਾ ਕਿਚੜਾ ਹੈ। ਇੱਕ ਤਾਂ ਦੇਹ - ਅਭਿਮਾਨ ਕਿਚੜਾ ਅਤੇ ਫੇਰ ਕਾਮ - ਕਰੋਧ ਦਾ ਕਿਚੜਾ। ਕਿਚੜਾ ਕੱਢਣ ਦੇ ਲਈ ਛਾਣਿਆ ਜਾਂਦਾ ਹੈ ਨਾ। ਛਾਨਣ ਨਾਲ ਰੰਗ ਹੀ ਬਦਲ ਜਾਂਦਾ ਹੈ। ਤੁਸੀਂ ਚੰਗੀ ਤਰ੍ਹਾਂ ਬੈਠ ਵਿਚਾਰ ਕਰੋਗੇ ਤਾਂ ਫੀਲ ਹੋਵੇਗਾ ਬਹੁਤ ਕਿਚੜਾ ਭਰਿਆ ਹੋਇਆ ਹੈ। ਆਤਮਾ ਵਿੱਚ ਰਾਵਣ ਦੀ ਪ੍ਰਵੇਸ਼ਤਾ ਹੈ। ਹੁਣ ਬਾਪ ਦੀ ਯਾਦ ਵਿੱਚ ਰਹਿਣ ਨਾਲ ਹੀ ਕਿਚੜਾ ਨਿਕਲਦਾ ਹੈ। ਇਸ ਵਿੱਚ ਵੀ ਟਾਈਮ ਲੱਗਦਾ ਹੈ। ਬਾਪ ਸਮਝਾਉਂਦੇ ਹਨ ਦੇਹ - ਅਭਿਮਾਨ ਹੋਣ ਦੇ ਕਾਰਨ ਵਿਕਾਰਾਂ ਦਾ ਕਿੰਨਾ ਕਿਚੜਾ ਹੈ। ਕਰੋਧ ਦਾ ਕਿਚੜਾ ਵੀ ਕੋਈ ਘੱਟ ਨਹੀਂ। ਕਰੋਧੀ ਅੰਦਰ ਵਿੱਚ ਜਿਵੇਂ ਜਲਦਾ ਰਹਿੰਦਾ ਹੈ। ਕੋਈ ਨਾ ਕੋਈ ਗੱਲ ਤੇ ਦਿਲ ਅੰਦਰ ਜਲਦੀ ਰਹਿੰਦੀ ਹੈ। ਸ਼ਕਲ ਵੀ ਤਾਂਬੇ ਵਾਂਗ ਰਹਿੰਦੀ ਹੈ। ਹੁਣ ਤੁਸੀਂ ਸਮਝਦੇ ਹੋ ਸਾਡੀ ਆਤਮਾ ਜਲੀ ਹੋਈ ਹੈ। ਆਤਮਾ ਵਿੱਚ ਕਿੰਨੀ ਮੈਲ ਹੈ - ਹੁਣ ਪਤਾ ਲੱਗਾ ਹੈ। ਇਹ ਗੱਲਾਂ ਸਮਝਣ ਵਾਲੇ ਬਹੁਤ ਥੋੜ੍ਹੇ ਹਨ, ਇਸ ਵਿੱਚ ਤਾਂ ਫ਼ਸਟਕਲਾਸ ਫੁੱਲ ਚਾਹੀਦੇ ਹਨ ਨਾ। ਹੁਣ ਤਾਂ ਬਹੁਤ ਖ਼ਾਮੀਆਂ ਹਨ। ਤੁਹਾਨੂੰ ਤਾਂ ਸਭ ਖ਼ਾਮੀਆਂ ਕੱਢ ਬਿਲਕੁਲ ਪਵਿੱਤਰ ਬਣਨਾ ਹੈ ਨਾ। ਇਹ ਲਕਸ਼ਮੀ ਨਾਰਾਇਣ ਕਿੰਨੇ ਪਵਿੱਤਰ ਹਨ। ਅਸਲ ਵਿੱਚ ਉਨ੍ਹਾਂ ਨੂੰ ਹੱਥ ਲਗਾਉਣ ਦਾ ਵੀ ਹੁਕਮ ਨਹੀਂ ਹੈ। ਪਤਿਤ ਜਾਕੇ ਇੰਨੇ ਉੱਚ ਪਵਿੱਤਰ ਦੇਵਤਾਵਾਂ ਨੂੰ ਹੱਥ ਲੱਗਾ ਨਾ ਸੱਕਣ। ਹੱਥ ਲਗਾਉਣ ਲਾਇਕ ਹੀ ਨਹੀਂ। ਸ਼ਿਵ ਨੂੰ ਤਾਂ ਹੱਥ ਲੱਗਾ ਨਹੀਂ ਸਕਦੇ। ਉਹ ਹੈ ਹੀ ਨਿਰਾਕਾਰ, ਉਨ੍ਹਾਂ ਨੂੰ ਹੱਥ ਲਗਾ ਹੀ ਨਹੀਂ ਸਕਦੇ। ਉਹ ਤਾਂ ਮੋਸ੍ਟ ਪਵਿੱਤਰ ਹਨ। ਭਾਵੇਂ ਉਨ੍ਹਾਂ ਦੀ ਪ੍ਰਤਿਮਾ ਵੱਡੀ ਰੱਖ ਦਿੱਤੀ ਹੈ ਕਿਉਂਕਿ ਇੰਨੀ ਛੋਟੀ ਬਿੰਦੀ ਉਸਨੂੰ ਤਾਂ ਕੋਈ ਹੱਥ ਲਗਾ ਨਾ ਸਕੇ। ਆਤਮਾ ਸ਼ਰੀਰ ਵਿੱਚ ਪ੍ਰਵੇਸ਼ ਕਰਦੀ ਹੈ ਤਾਂ ਸ਼ਰੀਰ ਵੱਡਾ ਹੁੰਦਾ ਹੈ। ਆਤਮਾ ਤਾਂ ਵੱਡੀ - ਛੋਟੀ ਨਹੀਂ ਹੁੰਦੀ ਹੈ। ਇਹ ਤਾਂ ਹੈ ਹੀ ਕਿਚੜੇ ਦੀ ਦੁਨੀਆਂ। ਆਤਮਾ ਵਿੱਚ ਕਿੰਨਾ ਕਿਚੜਾ ਹੈ। ਸ਼ਿਵਬਾਬਾ ਬਹੁਤ ਸੇਕੇਰਡ (ਪਵਿੱਤਰ) ਹਨ। ਬਹੁਤ ਪਵਿੱਤਰ ਹਨ। ਇੱਥੇ ਤਾਂ ਸਭਨੂੰ ਇੱਕ ਸਮਾਨ ਬਣਾ ਦਿੰਦੇ ਹਨ। ਇੱਕ - ਦੋ ਨੂੰ ਕਹਿ ਵੀ ਦਿੰਦੇ ਹਨ ਤੁਸੀਂ ਤਾਂ ਜਾਨਵਰ ਹੋ। ਸਤਿਯੁਗ ਵਿੱਚ ਇਵੇਂ ਦੀ ਭਾਸ਼ਾ ਹੁੰਦੀ ਨਹੀਂ। ਹੁਣ ਤੁਸੀਂ ਫੀਲ ਕਰਦੇ ਹੋ ਸਾਡੀ ਆਤਮਾ ਵਿੱਚ ਬੜੀ ਮੈਲ ਚੜੀ ਹੋਈ ਹੈ। ਆਤਮਾ ਲਾਇਕ ਹੀ ਨਹੀਂ ਹੈ ਜੋ ਬਾਪ ਨੂੰ ਯਾਦ ਕਰੇ। ਨਾ - ਲਾਇਕ ਸਮਝ ਮਾਇਆ ਵੀ ਇੱਕਦਮ ਉਸਨੂੰ ਹਟਾ ਦਿੰਦੀ ਹੈ।

ਬਾਪ ਕਿੰਨਾ ਸੇਕੇਰਡ (ਪਵਿੱਤਰ - ਸ਼ੁੱਧ) ਹੈ। ਅਸੀਂ ਆਤਮਾਵਾਂ ਵੀ ਕੀ ਤੋਂ ਕੀ ਬਣ ਜਾਂਦੀਆਂ ਹਾਂ। ਹੁਣ ਬਾਪ ਸਮਝਾਉਂਦੇ ਹਨ ਤੁਸੀਂ ਮੈਨੂੰ ਬੁਲਾਇਆ ਹੀ ਹੈ ਆਤਮਾ ਨੂੰ ਸ਼ੁੱਧ ਬਣਾਉਣ ਦੇ ਲਈ। ਬਹੁਤ ਕਿਚੜਾ ਭਰਿਆ ਹੋਇਆ ਹੈ। ਬਗ਼ੀਚੇ ਵਿੱਚ ਕੋਈ ਸਭ ਫ਼ਸਟਕਲਾਸ ਫੁੱਲ ਨਹੀਂ ਹੁੰਦੇ ਹਨ। ਨੰਬਰਵਾਰ ਹਨ। ਬਾਪ ਬਾਗਵਾਨ ਹੈ। ਆਤਮਾ ਕਿੰਨੀ ਪਵਿੱਤਰ ਬਣਦੀ ਹੈ ਫੇਰ ਕਿੰਨੀ ਮੈਲੀ ਇੱਕਦਮ ਕਾਂਟਾ ਬਣ ਜਾਂਦੀ ਹੈ। ਆਤਮਾ ਵਿੱਚ ਹੀ ਦੇਹ - ਅਭਿਮਾਨ ਦਾ, ਕਾਮ, ਕਰੋਧ ਦਾ ਕਿਚੜਾ ਭਰਦਾ ਹੈ। ਕਰੋਧ ਵੀ ਮਨੁੱਖ ਵਿੱਚ ਕਿੰਨਾ ਹੈ। ਤੁਸੀਂ ਪਵਿੱਤਰ ਬਣ ਜਾਵੋਗੇ ਤਾਂ ਫੇਰ ਕੋਈ ਦੀ ਸ਼ਕਲ ਵੇਖਣ ਦੀ ਵੀ ਦਿਲ ਨਹੀਂ ਹੋਵੇਗੀ। ਸੀ ਨੋ ਇਵਿਲ। ਅਪਵਿੱਤਰ ਨੂੰ ਵੇਖਣਾ ਹੀ ਨਹੀਂ ਹੈ। ਆਤਮਾ ਪਵਿੱਤਰ ਬਣ, ਪਵਿੱਤਰ ਨਵਾਂ ਚੋਲਾ ਲੈਂਦੀ ਹੈ ਤਾਂ ਫੇਰ ਕਿਚੜਾ ਵੇਖਦੀ ਹੀ ਨਹੀਂ। ਕਿਚੜੇ ਦੀ ਦੁਨੀਆਂ ਹੀ ਖ਼ਤਮ ਹੋ ਜਾਂਦੀ ਹੈ। ਬਾਪ ਸਮਝਾਉਂਦੇ ਹਨ ਤੁਸੀਂ ਦੇਹ - ਅਭਿਮਾਨ ਵਿੱਚ ਆਕੇ ਕਿੰਨਾ ਕਿਚੜਾ ਬਣ ਪਏ ਹੋ। ਪਤਿਤ ਬਣ ਪਏ ਹੋ। ਬੱਚੇ ਬੁਲਾਉਂਦੇ ਵੀ ਹਨ - ਬਾਬਾ ਸਾਡੇ ਵਿੱਚ ਕਰੋਧ ਦਾ ਭੂਤ ਹੈ। ਬਾਬਾ ਅਸੀਂ ਤੁਹਾਡੇ ਕੋਲ ਆਏ ਹਾਂ, ਪਵਿੱਤਰ ਬਣਨ। ਜਾਣਦੇ ਹਨ

ਬਾਪ ਤਾਂ ਹੈ ਹੀ ਏਵਰਪਿਓਰ। ਇਵੇਂ ਹਾਇਐਸਟ ਅਥਾਰਟੀ ਨੂੰ ਸ੍ਰਵਵਿਆਪੀ ਕਹਿਕੇ ਕਿੰਨਾ ਡਿਫੇਮ ਕਰਦੇ ਹਨ। ਆਪਣੇ ਤੇ ਵੀ ਬੜੀ ਨਫ਼ਰਤ ਆਉਂਦੀ ਹੈ - ਅਸੀਂ ਕੀ ਸੀ ਫੇਰ ਕੀ ਤੋਂ ਕੀ ਬਣ ਜਾਂਦੇ ਹਾਂ। ਇਹ ਗੱਲਾਂ ਤੁਸੀਂ ਬੱਚੇ ਹੀ ਸਮਝਦੇ ਹੋ, ਅਤੇ ਕੋਈ ਵੀ ਸਤਿਸੰਗ ਜਾਂ ਯੂਨੀਵਰਸਿਟੀ ਆਦਿ ਵਿੱਚ ਕਿੱਥੇ ਵੀ ਇਵੇਂ ਦਾ ਏਮ ਆਬਜੈਕਟ ਕੋਈ ਸਮਝਾ ਨਾ ਸਕੇ। ਹੁਣ ਤੁਸੀਂ ਜਾਣਦੇ ਹੋ ਸਾਡੀ ਆਤਮਾ ਵਿੱਚ ਕਿਵੇਂ ਕਿਚੜਾ ਭਰਦਾ ਗਿਆ ਹੈ। 2 ਕਲਾਂ ਘੱਟ ਹੋਈਆਂ ਫੇਰ 4 ਕਲਾਂ ਘੱਟ ਹੋਈਆਂ, ਕਿਚੜਾ ਭਰਦਾ ਗਿਆ ਇਸਲਈ ਕਿਹਾ ਹੀ ਜਾਂਦਾ ਹੈ ਤਮੋਪ੍ਰਧਾਨ। ਕੋਈ ਲੋਭ ਵਿੱਚ, ਕੋਈ ਮੋਹ ਵਿੱਚ ਜਲ ਮਰਦੇ ਹਨ, ਇਸ ਅਵਸਥਾ ਵਿੱਚ ਹੀ ਜਲ - ਜਲਕੇ ਮਰ ਜਾਣਾ ਹੈ। ਹੁਣ ਤੁਸੀਂ ਬੱਚਿਆਂ ਨੂੰ ਤਾਂ ਸ਼ਿਵਬਾਬਾ ਦੀ ਯਾਦ ਵਿੱਚ ਹੀ ਸ਼ਰੀਰ ਛੱਡਣਾ ਹੈ ਜੋ ਸ਼ਿਵਬਾਬਾ ਇਵੇਂ ਬਣਾਉਂਦੇ ਹਨ। ਇਹ ਲਕਸ਼ਮੀ - ਨਾਰਾਇਣ ਨੂੰ ਇਵੇਂ ਬਾਪ ਨੇ ਬਣਾਇਆ ਨਾ। ਤਾਂ ਆਪਣੇ ਨੂੰ ਕਿੰਨੀ ਖ਼ਬਰਦਾਰੀ ਰੱਖਣੀ ਚਾਹੀਦੀ ਹੈ। ਤੂਫ਼ਾਨ ਤਾਂ ਬਹੁਤ ਆਉਣਗੇ। ਤੂਫ਼ਾਨ ਮਾਇਆ ਦੇ ਹੀ ਆਉਂਦੇ ਹਨ, ਹੋਰ ਕੋਈ ਤੂਫ਼ਾਨ ਨਹੀਂ ਹੈ। ਜਿਵੇਂ ਸ਼ਾਸਤ੍ਰਾਂ ਵਿੱਚ ਕਹਾਣੀ ਲਿਖ ਦਿੱਤੀ ਹੈ ਹਨੂਮਾਨ ਆਦਿ ਦੀਆਂ। ਕਹਿੰਦੇ ਹਨ ਭਗਵਾਨ ਨੇ ਸ਼ਾਸਤ੍ਰ ਬਣਾਏ ਹਨ। ਭਗਵਾਨ ਤਾਂ ਸਭ ਵੇਦ - ਸ਼ਾਸਤ੍ਰਾਂ ਦਾ ਸਾਰ ਸੁਣਾਉਂਦੇ ਹਨ। ਭਗਵਾਨ ਨੇ ਤਾਂ ਸਦਗਤੀ ਕਰ ਦਿੱਤੀ, ਉਨ੍ਹਾਂ ਨੂੰ ਸ਼ਾਸਤ੍ਰ ਬਣਾਉਣ ਦੀ ਕੀ ਲੋੜ। ਹੁਣ ਬਾਪ ਕਹਿੰਦੇ ਹਨ ਹਿਅਰ ਨੋ ਇਵਿਲ। ਇਨ੍ਹਾਂ ਸ਼ਾਸਤ੍ਰਾਂ ਆਦਿ ਤੋਂ ਤੁਸੀਂ ਉੱਚ ਨਹੀਂ ਬਣ ਸਕਦੇ ਹੋ। ਮੈਂ ਤਾਂ ਇੰਨਾ ਸਭ ਤੋਂ ਵੱਖ ਹਾਂ। ਕੋਈ ਵੀ ਪਛਾਣਦੇ ਨਹੀਂ। ਬਾਪ ਕੀ ਹਨ, ਕਿਸੇ ਨੂੰ ਪਤਾ ਨਹੀਂ। ਬਾਪ ਜਾਣਦੇ ਹਨ ਕੌਣ - ਕੌਣ ਮੇਰੀ ਸਰਵਿਸ ਕਰਦੇ ਹਨ ਮਤਲਬ ਕਲਿਆਣਕਾਰੀ ਬਣ ਹੋਰਾਂ ਦਾ ਵੀ ਕਲਿਆਣ ਕਰਦੇ ਹਨ, ਉਹ ਹੀ ਦਿਲ ਤੇ ਚੜ੍ਹਦੇ ਹਨ। ਕੋਈ ਤਾਂ ਇਵੇਂ ਵੀ ਹਨ ਜਿਨ੍ਹਾਂ ਨੂੰ ਸਰਵਿਸ ਦਾ ਪਤਾ ਹੀ ਨਹੀਂ। ਤੁਸੀਂ ਬੱਚਿਆਂ ਨੂੰ ਗਿਆਨ ਤਾਂ ਮਿਲਿਆ ਹੈ ਕਿ ਆਪਣੇ ਨੂੰ ਆਤਮਾ ਸਮਝੋ ਅਤੇ ਬਾਪ ਨੂੰ ਯਾਦ ਕਰੋ। ਭਾਵੇਂ ਆਤਮਾ ਸ਼ੁੱਧ ਬਣਦੀ ਹੈ, ਸ਼ਰੀਰ ਤਾ ਫੇਰ ਵੀ ਇਹ ਪਤਿਤ ਹੈ ਨਾ। ਜਿਨ੍ਹਾਂ ਦੀ ਆਤਮਾ ਸ਼ੁੱਧ ਹੁੰਦੀ ਜਾਂਦੀ ਹੈ ਉਨ੍ਹਾਂ ਦੀ ਐਕਟੀਵਿਟੀ ਵਿੱਚ ਰਾਤ - ਦਿਨ ਦਾ ਫ਼ਰਕ ਰਹਿੰਦਾ ਹੈ। ਚਲਨ ਤੋਂ ਵੀ ਪਤਾ ਲੱਗਦਾ ਹੈ। ਨਾਮ ਕੋਈ ਦਾ ਨਹੀਂ ਲਿਆ ਜਾਂਦਾ ਹੈ, ਜੇਕਰ ਨਾਮ ਲੈਣ ਤਾਂ ਕਿੱਥੇ ਹੋਰ ਹੀ ਬਦਤਰ ਨਾ ਹੋ ਜਾਣ।

ਹੁਣ ਤੁਸੀਂ ਫ਼ਰਕ ਵੇਖ ਸਕਦੇ ਹੋ - ਤੁਸੀਂ ਕੀ ਸੀ, ਕੀ ਬਣਨਾ ਹੈ! ਤਾਂ ਸ਼੍ਰੀਮਤ ਤੇ ਚੱਲਣਾ ਚਾਹੀਦਾ ਹੈ ਨਾ। ਅੰਦਰ ਗੰਦ ਜੋ ਭਰਿਆ ਹੋਇਆ ਹੈ ਉਸਨੂੰ ਕੱਢਣਾ ਹੈ। ਲੌਕਿਕ ਸੰਬੰਧ ਵਿੱਚ ਵੀ ਕੋਈ - ਕੋਈ ਬਹੁਤ ਗੰਦੇ ਬੱਚੇ ਹੁੰਦੇ ਹਨ ਤਾਂ ਉਨ੍ਹਾਂ ਤੋਂ ਬਾਪ ਵੀ ਤੰਗ ਹੋ ਜਾਂਦੇ ਹਨ। ਕਹਿੰਦੇ ਹਨ ਇਵੇਂ ਦਾ ਬੱਚਾ ਤਾਂ ਨਾ ਹੁੰਦਾ ਤਾਂ ਚੰਗਾ ਸੀ। ਫੁੱਲਾਂ ਦੇ ਬਗ਼ੀਚੇ ਦੀ ਖੁਸ਼ਬੂ ਹੁੰਦੀ ਹੈ। ਪਰ ਡਰਾਮਾ ਅਨੁਸਾਰ ਕਿਚੜਾ ਵੀ ਹੈ। ਅੱਕ ਨੂੰ ਤਾਂ ਬਿਲਕੁਲ ਵੇਖਣ ਨੂੰ ਵੀ ਦਿਲ ਨਹੀਂ ਹੁੰਦੀ। ਪਰ ਬਗ਼ੀਚੇ ਵਿੱਚ ਜਾਣ ਨਾਲ ਨਜ਼ਰ ਤਾਂ ਸਭ ਤੇ ਪਵੇਗੀ ਨਾ। ਆਤਮਾ ਕਹੇਗੀ ਇਹ ਫਲਾਣਾ ਫੁੱਲ ਹੈ। ਖੁਸ਼ਬੂ ਵੀ ਚੰਗੇ ਫੁੱਲ ਦੀ ਲੈਣਗੇ ਨਾ। ਬਾਪ ਵੀ ਵੇਖਦੇ ਹਨ ਇਨ੍ਹਾਂ ਦੀ ਆਤਮਾ ਕਿੰਨੀ ਯਾਦ ਦੀ ਯਾਤਰਾ ਵਿੱਚ ਰਹਿੰਦੀ ਹੈ, ਕਿੰਨੀ ਪਵਿੱਤਰ ਬਣੀ ਹੈ ਅਤੇ ਫੇਰ ਹੋਰਾਂ ਨੂੰ ਵੀ ਆਪ ਸਮਾਨ ਬਣਾਉਂਦੇ ਹਨ। ਗਿਆਨ ਸੁਣਾਉਂਦੇ ਹਨ! ਮੂਲ ਗੱਲ ਹੀ ਹੈ ਮਨਮਨਾਭਵ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਤਾਂ ਪਵਿੱਤਰ ਫੁੱਲ ਬਣੋ। ਇਹ ਲਕਸ਼ਮੀ - ਨਾਰਾਇਣ ਕਿੰਨੇ ਪਵਿੱਤਰ ਫੁੱਲ ਸੀ। ਇੰਨਾ ਤੋਂ ਵੀ ਸ਼ਿਵਬਾਬਾ ਬਹੁਤ ਸੇਕੇਰਡ ਹਨ। ਮਨੁੱਖਾਂ ਨੂੰ ਥੋੜ੍ਹੇਹੀ ਪਤਾ ਹੈ ਕਿ ਇਨ੍ਹਾਂ ਲਕਸ਼ਮੀ - ਨਾਰਾਇਣ ਨੂੰ ਵੀ ਇਵੇਂ ਸ਼ਿਵਬਾਬਾ ਨੇ ਬਣਾਇਆ ਹੈ। ਤੁਸੀਂ ਜਾਣਦੇ ਹੋ ਇਸ ਪੁਰਸ਼ਾਰਥ ਨਾਲ ਇਹ ਬਣੇ ਹਨ। ਰਾਮ ਨੇ ਘੱਟ ਪੁਰਸ਼ਾਰਥ ਕੀਤਾ ਤਾਂ ਚੰਦਰਵੰਸ਼ੀ ਬਣੇ। ਬਾਪ ਸਮਝਾਉਂਦੇ ਤਾਂ ਬਹੁਤ ਹਨ। ਇੱਕ ਤਾਂ ਯਾਦ ਦੀ ਯਾਤਰਾ ਵਿੱਚ ਰਹਿਣਾ ਹੈ, ਜਿਸ ਨਾਲ ਗੰਦ ਨਿਕਲੇ, ਆਤਮਾ ਪਵਿੱਤਰ ਬਣੇ। ਤੁਹਾਡੇ ਕੋਲ ਮਿਊਜੀਅਮ ਆਦਿ ਵਿੱਚ ਬਹੁਤ ਆਉਂਦੇ ਹਨ। ਬੱਚਿਆਂ ਨੂੰ ਸਰਵਿਸ ਦਾ ਬਹੁਤ ਸ਼ੌਂਕ ਰੱਖਣਾ ਹੈ। ਸਰਵਿਸ ਨੂੰ ਛੱਡ ਕਦੀ ਨੀਂਦ ਨਹੀਂ ਕਰਨੀ ਹੁੰਦੀ ਹੈ। ਸਰਵਿਸ ਤੇ ਬੜਾ ਐਕੂਰੇਟ ਰਹਿਣਾ ਚਾਹੀਦਾ ਹੈ। ਮਿਊਜੀਅਮ ਵਿੱਚ ਵੀ ਤੁਸੀਂ ਲੋਕੀਂ ਰੇਸ੍ਟ ਦਾ ਟਾਈਮ ਛੱਡਦੇ ਹੋ। ਗਲਾ ਥੱਕ ਜਾਂਦਾ ਹੈ, ਭੋਜਨ ਆਦਿ ਵੀ ਖਾਣਾ ਹੈ ਪਰੰਤੂ ਅੰਦਰ ਵਿਚ ਦਿਨ ਰਾਤ ਉਛਲ ਆਉਣੀ ਚਾਹੀਦੀ ਹੈ। ਕੋਈ ਆਏ ਤਾਂ ਉਨ੍ਹਾਂ ਨੂੰ ਰਸਤਾ ਦੱਸਣ। ਭੋਜਨ ਦੇ ਟਾਈਮ ਕੋਈ ਆ ਜਾਂਦੇ ਹਨ ਤਾਂ ਪਹਿਲੇ ਉਨ੍ਹਾਂ ਨੂੰ ਅਟੈਂਡ ਕਰ ਫੇਰ ਭੋਜਨ ਖਾਣਾ ਚਾਹੀਦਾ ਹੈ। ਇਵੇਂ ਸਰਵਿਸ ਵਾਲਾ ਹੋਵੇ। ਕੋਈ - ਕੋਈ ਨੂੰ ਤਾਂ ਬੜਾ ਦੇਹ - ਅਭਿਮਾਨ ਆ ਜਾਂਦਾ ਹੈ, ਆਰਾਮ - ਪਸੰਦ, ਨਵਾਬ ਬਣ ਜਾਂਦੇ ਹਨ। ਬਾਪ ਨੂੰ ਸਮਝਾਣੀ ਤਾਂ ਦੇਣੀ ਪਵੇ ਨਾ। ਇਹ ਨਵਾਬੀ ਛੱਡੋ। ਫੇਰ ਬਾਪ ਸ਼ਾਖਸ਼ਤਕਾਰ ਵੀ ਕਰਾਉਣਗੇ - ਆਪਣਾ ਪੱਦ ਵੇਖੋ। ਦੇਹ - ਅਭਿਮਾਨ ਦਾ ਕੁਲਾਹੜਾ ਆਪੇਹੀ ਆਪਣੇ ਪੈਰ ਤੇ ਲਗਾਇਆ ਹੈ। ਬਹੁਤ ਬੱਚੇ ਬਾਬਾ ਨਾਲ ਵੀ ਰੀਸ ਕਰਦੇ ਹਨ। ਅਰੇ, ਇਹ ਤੋਂ ਸ਼ਿਵਬਾਬਾ ਦਾ ਰਥ ਹੈ, ਇਸਦੀ ਸੰਭਾਲ ਕਰਨੀ ਪੈਂਦੀ ਹੈ। ਇੱਥੇ ਤਾਂ ਇਵੇਂ ਹਨ ਜੋ ਢੇਰ ਦਵਾਈਆਂ ਲੈਂਦੇ ਰਹਿੰਦੇ, ਡਾਕਟਰਾਂ ਦੀ ਦਵਾਈ ਕਰਦੇ ਰਹਿੰਦੇ। ਭਾਵੇਂ ਬਾਬਾ ਕਹਿੰਦੇ ਹਨ ਸ਼ਰੀਰ ਨੂੰ ਤੰਦਰੁਸਤ ਰੱਖਣਾ ਹੈ ਪਰ ਆਪਣੀ ਅਵਸਥਾ ਨੂੰ ਵੀ ਵੇਖਣਾ ਹੈ ਨਾ। ਤੁਸੀਂ ਬਾਬਾ ਦੀ ਯਾਦ ਵਿੱਚ ਰਹਿ ਕੇ ਖਾਓ ਤਾਂ ਕਦੀ ਕੋਈ ਚੀਜ਼ ਨੁਕਸਾਨ ਨਹੀਂ ਕਰੇਗੀ। ਯਾਦ ਨਾਲ ਤਾਕ਼ਤ ਭਰ ਜਾਵੇਗੀ। ਭੋਜਨ ਬੜਾ ਸ਼ੁੱਧ ਹੋ ਜਾਵੇਗਾ। ਪਰ ਉਹ ਅਵਸਥਾ ਹੈ ਨਹੀਂ। ਬਾਬਾ ਤਾਂ ਕਹਿੰਦੇ ਹਨ ਬ੍ਰਾਹਮਣਾ ਦਾ ਬਣਾਇਆ ਹੋਇਆ ਭੋਜਨ ਉੱਤਮ ਤੇ ਉੱਤਮ ਹੈ ਪਰ ਉਹ ਉਦੋਂ ਜਦੋਂ ਯਾਦ ਵਿੱਚ ਰਹਿ ਕੇ ਬਣਾਉਣ। ਯਾਦ ਵਿੱਚ ਰਹਿ ਬਣਾਉਣ ਨਾਲ ਉਨ੍ਹਾਂ ਨੂੰ ਵੀ ਫ਼ਾਇਦਾ, ਖਾਣ ਵਾਲੇ ਨੂੰ ਵੀ ਫ਼ਾਇਦਾ ਹੋਵੇਗਾ।

ਅੱਕ ਵੀ ਤਾਂ ਬਹੁਤ ਹੈ ਨਾ। ਇਹ ਵਿਚਾਰੇ ਕਿ ਪੱਦ ਪਾਉਣਗੇ। ਬਾਪ ਨੂੰ ਤਾਂ ਰਹਿਮ ਪੈਂਦਾ ਹੈ। ਪਰ ਦਾਸ - ਦਾਸੀਆਂ ਬਣਨ ਦੀ ਵੀ ਨੂੰਧ ਹੈ, ਇਸ ਵਿੱਚ ਖੁਸ਼ੀ ਨਹੀਂ ਹੋਣੀ ਚਾਹੀਦੀ। ਵਿਚਾਰ ਵੀ ਨਹੀਂ ਕਰਦੇ ਹਨ - ਸਾਨੂੰ ਇਵੇਂ ਬਣਨਾ ਹੈ। ਦਾਸ - ਦਾਸੀਆਂ ਬਣਨ ਨਾਲੋਂ ਫੇਰ ਸਾਹੂਕਾਰ ਬਣਨ ਤਾਂ ਚੰਗਾ ਹੈ, ਦਾਸ - ਦਾਸੀਆਂ ਰੱਖ ਸੱਕਣਗੇ। ਬਾਪ ਤਾਂ ਕਹਿੰਦੇ ਹਨ ਨਿਰੰਤਰ ਮੈਨੂੰ ਇੱਕ ਨੂੰ ਯਾਦ ਕਰੋ, ਸਿਮਰ - ਸਿਮਰ ਸੁੱਖ ਪਾਓ। ਭਗਤਾਂ ਨੇ ਫੇਰ ਸਿਮਰਨੀ ਮਾਲਾ ਬੈਠ ਬਣਾਈ ਹੈ। ਉਹ ਭਗਤਾਂ ਦਾ ਕੰਮ ਹੈ। ਬਾਪ ਤਾਂ ਸਿਰਫ਼ ਕਹਿੰਦੇ ਹਨ ਆਪਣੇ

ਨੂੰ ਆਤਮਾ ਸਮਝੋ, ਬਾਪ ਨੂੰ ਯਾਦ ਕਰੋ। ਬਸ। ਬਾਕੀ ਕੋਈ ਜਾਪ ਨਾ ਕਰੋ। ਨਾ ਮਾਲਾ ਫੇਰੋ। ਬਾਪ ਨੂੰ ਜਾਨਣਾ ਹੈ, ਉਸਨੂੰ ਯਾਦ ਕਰਨਾ ਹੈ। ਮੁੱਖ ਤੋਂ ਬਾਬਾ - ਬਾਬਾ ਵੀ ਕਹਿਣਾ ਥੋੜ੍ਹੇਹੀ ਹੈ। ਤੁਸੀਂ ਜਾਣਦੇ ਹੋ ਉਹ ਅਸੀਂ ਆਤਮਾਵਾਂ ਦਾ ਬੇਹੱਦ ਦਾ ਬਾਪ ਹੈ, ਉਸਨੂੰ ਯਾਦ ਕਰਨ ਨਾਲ ਅਸੀਂ ਸਤੋਪ੍ਰਧਾਨ ਬਣ ਜਾਵਾਂਗੇ ਮਤਲਬ ਆਤਮਾ ਕੰਚਨ ਬਣ ਜਾਵੇਗੀ। ਕਿੰਨਾ ਸਹਿਜ ਹੈ। ਪਰ ਯੁੱਧ ਦਾ ਮੈਦਾਨ ਹੈ ਨਾ। ਤੁਹਾਡੀ ਹੈ ਹੀ ਮਾਇਆ ਨਾਲ ਲੜ੍ਹਾਈ। ਉਹ ਘੜੀ - ਘੜੀ ਤੁਹਾਡੀ ਬੁੱਧੀ ਦਾ ਯੋਗ ਤੋੜਦੀ ਹੈ। ਜਿਨ੍ਹਾਂ - ਜਿਨ੍ਹਾਂ ਦੀ ਵਿਨਾਸ਼ ਕਾਲੇ ਪ੍ਰੀਤ ਬੁੱਧੀ ਹਨ ਉਨ੍ਹਾਂ ਪਦ ਉੱਚ ਹੁੰਦਾ ਹੈ। ਸਿਵਾਏ ਇੱਕ ਦੇ ਹੋਰ ਕੋਈ ਵੀ ਯਾਦ ਨਾ ਆਏ। ਕਲਪ ਪਹਿਲਾਂ ਵੀ ਇਵੇਂ ਨਿਕਲੇ ਹਨ ਜੋ ਵਿਜੇ ਮਾਲਾ ਦੇ ਦਾਨੇ ਬਣੇ ਹਨ। ਤੁਸੀਂ ਜੋ ਬ੍ਰਾਹਮਣ ਕੁੱਲ ਦੇ ਹੋ, ਬ੍ਰਾਹਮਣਾਂ ਦੀ ਰੁੰਡ ਮਾਲਾ ਬਣਦੀ ਹੈ, ਜਿਨ੍ਹਾਂ ਨੇ ਗੁਪਤ ਮਿਹਨਤ ਕੀਤੀ ਹੈ। ਗਿਆਨ ਵੀ ਗੁਪਤ ਹੈ ਨਾ। ਬਾਪ ਤਾਂ ਹਰ ਇੱਕ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਚੰਗੇ - ਚੰਗੇ ਨੰਬਰਵਨ ਜਿਨ੍ਹਾਂ ਨੂੰ ਮਹਾਰਥੀ ਸਮਝਦੇ ਸੀ, ਉਹ ਅੱਜ ਹੈ ਨਹੀਂ। ਦੇਹ ਅਭਿਮਾਨ ਬਹੁਤ ਹੈ। ਬਾਪ ਦੀ ਯਾਦ ਰਹਿ ਨਹੀਂ ਸਕਦੀ। ਮਾਇਆ ਬੜਾ ਜ਼ੋਰ ਨਾਲ ਥਪੱੜ ਮਾਰਦੀ ਹੈ। ਬਹੁਤ ਥੋੜ੍ਹੇ ਹਨ ਜਿਨ੍ਹਾਂ ਦੀ ਮਾਲਾ ਬਣ ਸਕੇਗੀ। ਤਾਂ ਬਾਪ ਫੇਰ ਵੀ ਬੱਚਿਆਂ ਨੂੰ ਸਮਝਾਉਂਦੇ ਹਨ - ਆਪਣੇ ਨੂੰ ਵੇਖਦੇ ਰਹੋ ਅਸੀਂ ਕਿੰਨੇ ਪਵਿੱਤਰ ਦੇਵਤਾ ਸੀ ਫੇਰ ਅਸੀਂ ਕੀ ਤੋਂ ਕੀ, ਕਿਚੜਾ ਬਣ ਗਏ ਹਾਂ। ਹੁਣ ਸ਼ਿਵਬਾਬਾ ਮਿਲਿਆ ਹੈ ਤੇ ਉਨ੍ਹਾਂ ਦੀ ਮੱਤ ਤੇ ਚੱਲਣਾ ਚਾਹੀਦਾ ਨਾ। ਕੋਈ ਵੀ ਦੇਹਧਾਰੀ ਨੂੰ ਯਾਦ ਨਹੀਂ ਕਰਨਾ ਹੈ। ਕੋਈ ਦੀ ਵੀ ਯਾਦ ਨਾ ਆਏ। ਚਿੱਤਰ ਵੀ ਕਿਸੇ ਦਾ ਨਹੀਂ ਰੱਖਣਾ ਹੈ। ਇੱਕ ਸ਼ਿਵਬਾਬਾ ਦੀ ਹੀ ਯਾਦ ਰਹੇ। ਸ਼ਿਵਬਾਬਾ ਨੂੰ ਸ਼ਰੀਰ ਤਾਂ ਹੈ ਨਹੀਂ। ਇਹ ਵੀ ਟੈਮਪ੍ਰੇਰੀ ਲੋਨ ਲੈਂਦਾ ਹਾਂ। ਤੁਹਾਨੂੰ ਇਵੇਂ ਦੇਵੀ - ਦੇਵਤਾ ਲਕਸ਼ਮੀ - ਨਾਰਾਇਣ ਬਣਾਉਣ ਦੇ ਲਈ ਕਿੰਨੀ ਮਿਹਨਤ ਕਰਦੇ ਹਨ। ਬਾਪ ਕਹਿੰਦੇ ਹਨ ਤੁਸੀਂ ਮੈਨੂੰ ਪਤਿਤ ਦੁਨੀਆਂ ਵਿੱਚ ਬੁਲਾਉਂਦੇ ਹੋ। ਤੁਹਾਨੂੰ ਪਾਵਨ ਬਣਾਉਂਦਾ ਹਾਂ ਫੇਰ ਤੁਸੀਂ ਪਾਵਨ ਦੁਨੀਆਂ ਵਿੱਚ ਮੈਨੂੰ ਬੁਲਾਉਂਦੇ ਹੀ ਨਹੀਂ ਹੋ। ਉੱਥੇ ਆਕੇ ਕੀ ਕਰਣਗੇ! ਉਨ੍ਹਾਂ ਦੀ ਸਰਵਿਸ ਹੀ ਪਾਵਨ ਬਣਾਉਣ ਦੀ ਹੈ। ਬਾਪ ਜਾਣਦੇ ਹਨ ਕਿ ਇੱਕਦਮ ਜਲਕੇ ਕਾਲੇ ਕੋਇਲੇ ਬਣ ਗਏ ਹਨ। ਬਾਪ ਆਏ ਹਨ ਤੁਹਾਨੂੰ ਗੋਰਾ ਬਣਾਉਣ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਰਵਿਸ ਵਿੱਚ ਬੜਾ ਐਕੁਰੇਟ ਰਹਿਣਾ ਹੈ। ਦਿਨ - ਰਾਤ ਸਰਵਿਸ ਦੀ ਉੱਛਲ ਆਉਂਦੀ ਰਹੇ। ਸਰਵਿਸ ਨੂੰ ਛੱਡ ਕਦੀ ਵੀ ਅਰਾਮ ਨਹੀਂ ਕਰਨਾ ਹੈ। ਬਾਪ ਸਮਾਨ ਕਲਿਆਣਕਾਰੀ ਬਣਨਾ ਹੈ।

2. ਇੱਕ ਦੀ ਯਾਦ ਨਾਲ ਪ੍ਰੀਤ ਬੁੱਧੀ ਬਣ ਅੰਦਰ ਦਾ ਕਿਚੜਾ ਕੱਢ ਦੇਣਾ ਹੈ। ਖੁਸ਼ਬੂਦਾਰ ਫੁੱਲ ਬਣਨਾ ਹੈ। ਇਸ ਕਿਚੜੇ ਦੀ ਦੁਨੀਆਂ ਵਿੱਚ ਦਿਲ ਨਹੀਂ ਲਗਾਉਣੀ ਹੈ।

ਵਰਦਾਨ:- ਮਨ -ਬੁੱਧੀ ਦਵਾਰਾ ਸ੍ਰੇਸ਼ਠ ਸਥਿਤੀਆਂ ਰੂਪੀ ਆਸਨ ਤੇ ਸਥਿਤ ਰਹਿਣ ਵਾਲੇ ਤੱਪਸਵੀਮੂਰਤ ਭਵ

ਤਪੱਸਵੀ ਸਦਾ ਕੋਈ ਨਾ ਕੋਈ ਆਸਨ ਤੇ ਬੈਠਕੇ ਤਪੱਸਿਆ ਕਰਦੇ ਹਨ। ਤੁਸੀਂ ਤੱਪਸਵੀ ਆਤਮਾਵਾਂ ਦਾ ਆਸਨ ਹੈ -ਇਕਰਸ ਸਥਿਤੀ, ਫਰਿਸ਼ਤਾ ਸਥਿਤੀ...

ਇਹਨਾਂ ਸ੍ਰੇਸ਼ਠ ਸਥਿਤੀਆਂ ਵਿੱਚ ਸਥਿਤ ਹੋਣਾ ਮਤਲਬ ਆਸਨ ਤੇ ਬੈਠਣਾ। ਸਥੂਲ ਆਸਨ ਤੇ ਤਾਂ ਸਥੂਲ ਸ਼ਰੀਰ ਬੈਠਦਾ ਹੈ ਪਰ ਤੁਸੀਂ ਇਸ ਸ੍ਰੇਸ਼ਠ ਆਸਨ ਤੇ ਮਨ ਬੁੱਧੀ ਨੂੰ ਬਿਠਾਉਂਦੇ ਹੋ। ਉਹ ਤੱਪਸਵੀ ਇੱਕ ਲੱਤ ਤੇ ਖੜੇ ਹੋ ਜਾਂਦੇ ਅਤੇ ਤੁਸੀਂ ਇਕਰਸ ਸਥਿਤੀ ਵਿੱਚ ਇਕਾਗਰ ਹੋ ਜਾਂਦੇ ਹੋ। ਉਹਨਾਂ ਦਾ ਹੈ ਹਠਯੋਗ ਅਤੇ ਤੁਹਾਡਾ ਹੈ ਸਹਿਜਯੋਗ।

ਸਲੋਗਨ:- ਪਿਆਰ ਦੇ ਸਾਗਰ ਬਾਪ ਦੇ ਬੱਚੇ ਪ੍ਰੇਮ ਦੀ ਭਰਪੂਰ ਗੰਗਾ ਬਣਕੇ ਰਹੋ।

******